# FACULTY OF LANGUAGES

**SYLLABUS**
**Of**
**Basic Punjabi**
**in lieu of Punjabi (Compulsory)**
**for**

**MASTER OF SCIENCE (MATHEMATICS)(FYIP)/ MASTER OF SCIENCE (PHYSICS)(FYIP) MASTER OF ARTS( ENGLISH) (FYIP)/ MASTER OF COMMERCE (FYIP)**

**(Semester I-II)**

**(Under Credit Based Continuous Evaluation Grading System)**

**Session: 2025-26**

**The Heritage Institution**

**KANYA MAHA VIDYALAYA**
**JALANDHAR**
**(Autonomous)**

# KanyaMahaVidyalaya, Jalandhar (Autonomous)

SCHEME AND CURRICULUM OF EXAMINATIONS OF FIVE YEAR DEGREE PROGRAMME

# Credit Based Continuous Evaluation Grading System(CBCEGS)

**MASTER OF SCIENCE (MATHEMATICS)(FYIP)/ MASTER OF SCIENCE (PHYSICS)(FYIP)/ / MASTER OF ARTS( ENGLISH) (FYIP)/ MASTER OF COMMERCE (FYIP) SEMESTER–I-II Session-2025-26**

| SEMESTER–I | | | | | | | | | |
|---|---|---|---|---|---|---|---|---|---|
| Course Code | Course Title | Hours/Week | Credits L-T-P | Course Type | Marks | | | | Examination time (in Hours) |
| | | | | | Total | Ext. | | CA | |
| | | | | | | L | P | | |
| FMAL -1031<br>FPHL-1031<br>FENL -1031<br>FCOL -1031 | Basic Punjabi | 2 | 2-0-0 | C | 50 | 35 | - | 15 | 3 |

| SEMESTER–II | | | | | | | | | |
|---|---|---|---|---|---|---|---|---|---|
| Course Code | Course Title | Hours/Week | Credits L-T-P | Course Type | Marks | | | | Examination time (in Hours) |
| | | | | | Total | Ext. | | CA | |
| | | | | | | L | P | | |
| FMAL -2031<br>FPHL-2031<br>FENL -2031<br>FCOL -2031 | Basic Punjabi | 2 | 2-0-0 | C | 50 | 35 | - | 15 | 3 |

# SESSION 2025-26

**MASTER OF SCIENCE (MATHEMATICS)(FYIP)/ MASTER OF SCIENCE (PHYSICS)(FYIP)/ / MASTER OF ARTS( ENGLISH) (FYIP)/ MASTER OF COMMERCE (FYIP) SEMESTER–I**

## BASIC PUNJABI

**In lieu of Punjabi(Compulsory)**

**COURSE CODE - FMAL/FPHL/FENL/-FCOL -1031**

### Course outcomes

**CO1:** ਮੁੱਢਲੀ ਪੰਜਾਬੀ ਪੜ੍ਹਾਉਣ ਦਾ ਮਨੋਰਥ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨੂੰ ਸਿਖਾਉਣ ਦੀ ਪ੍ਰਕਿਰਿਆ ਵਿਚ ਪਾ ਕੇ ਇਕ ਹੋਰ ਭਾਸ਼ਾ ਸਿੱਖਣ ਦਾ ਮੌਕਾ ਪ੍ਰਦਾਨ ਕਰਨਾ ਹੈ। ਵਿਦਿਆਰਥੀਆਂ ਨੂੰ ਪੈਂਤੀ ਅੱਖਰੀ, ਅੱਖਰ ਕ੍ਰਮ, ਪੈਰ ਬਿੰਦੀ ਵਾਲੇ ਵਰਣ ਅਤੇ ਪੈਰ ਵਿਚ ਪੈਣ ਵਾਲੇ ਵਰਣ ਅਤੇ ਮਾਤਰਾਵਾਂ (ਮੁੱਢਲੀ ਜਾਣ ਪਛਾਣ) ਲਗਾਖ਼ਰ (ਬਿੰਦੀ, ਟਿੱਪੀ, ਅੱਧਕ) ਦੀ ਪਛਾਣ ਅਤੇ ਵਰਤੋਂ  ਤੋਂ ਜਾਣੂ ਕਰਵਾਇਆ ਜਾਵੇਗਾ।

**CO2:** ਵਿਦਿਆਰਥੀਆਂ ਨੂੰ ਪੰਜਾਬੀ ਸ਼ਬਦ ਬਣਤਰ ਦੀ ਮੁੱਢਲੀ ਜਾਣ ਪਛਾਣ (ਸਾਧਾਰਨ ਸ਼ਬਦ, ਸੰਯੁਕਤ ਸ਼ਬਦ, ਮਿਸ਼ਰਤ ਸ਼ਬਦ,ਮੂਲ ਸ਼ਬਦ,ਅਗੇਤਰ ਅਤੇ ਪਿਛੇਤਰ) ਤੋਂ ਜਾਣੂ ਕਰਵਾਇਆ ਜਾਵੇਗਾ।

**CO3:** ਵਿਦਿਆਰਥੀਆਂ ਨੂੰ ਨਿੱਤ ਵਰਤੋਂ ਦੀ ਪੰਜਾਬੀ ਸ਼ਬਦਾਵਲੀ : ਬਾਜ਼ਾਰ, ਵਪਾਰ, ਰਿਸ਼ਤੇਨਾਤੇ, ਖੇਤੀ ਅਤੇ ਹੋਰ ਧੰਦਿਆਂ ਆਦਿ ਨਾਲ ਸੰਬੰਧਤ ਤੋਂ ਜਾਣੂ ਕਰਵਾਇਆ ਜਾਵੇਗਾ।

**CO4:** ਵਿਦਿਆਰਥੀਆਂ ਨੂੰ ਪੰਜਾਬੀ ਵਿਚ ਹਫ਼ਤੇ ਦੇ ਸੱਤ ਦਿਨਾਂ ਦੇ ਨਾਂ, ਬਾਰ੍ਹਾਂ ਮਹੀਨਿਆਂ ਦੇ ਨਾਂ, ਰੁੱਤਾਂ ਦੇ ਨਾਂ, ਇਕ ਤੋਂ ਸੌ ਤੱਕ ਗਿਣਤੀ ਸ਼ਬਦਾਂ ਵਿਚ ਸਿਖਾਉਣਾ ਹੈ।

# SESSION 2025-26

**MASTER OF SCIENCE (MATHEMATICS)(FYIP)/ MASTER OF SCIENCE (PHYSICS)(FYIP)/ / MASTER OF ARTS( ENGLISH) (FYIP)/ MASTER OF COMMERCE (FYIP) SEMESTER–I**

## BASIC PUNJABI

**In lieu of Punjabi(Compulsory)**

**COURSE CODE - FMAL/FPHL/FENL/-FCOL -1031**

| | |
|---|---|
| ਸਮਾਂ : 3 ਘੰਟੇ | **Maximum Marks: 50** |
| **L-T-P** | **Theory : 35** |
| **2-0-0** | **CA : 15** |

ਅੰਕ ਵੰਡ ਅਤੇ ਪਰੀਖਿਅਕ ਲਈ ਹਦਾਇਤਾਂ

1. ਪ੍ਰਸ਼ਨ ਪੱਤਰ ਦੇ ਚਾਰ (**A-D**) ਸੈਕਸ਼ਨ ਹੋਣਗੇ।ਸੈਕਸ਼ਨ **A-D** ਤੱਕ ਦੇ ਪ੍ਰਸ਼ਨ ਕ੍ਰਮਵਾਰ ਯੂਨਿਟ **I-IV** ਵਿਚੋਂ ਪੁੱਛੇ ਜਾਣਗੇ। ਹਰ ਯੂਨਿਟ ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ।

2. ਵਿਦਿਆਰਥੀ ਨੇ ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਸੈਕਸ਼ਨ ਵਿਚੋਂ ਇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿਚੋਂ ਕੀਤਾ ਜਾ ਸਕਦਾ ਹੈ।

3. ਹਰੇਕ ਪ੍ਰਸ਼ਨ ਦੇ 7 ਅੰਕ ਹਨ।

4. ਪੇਪਰ ਸੈੱਟ ਕਰਨ ਵਾਲਾ ਜੇਕਰ ਚਾਹੇ ਤਾਂ ਪ੍ਰਸ਼ਨਾਂ ਦੀ ਵੰਡ ਅੱਗੋਂ ਵੱਧ ਤੋਂ ਵੱਧ ਚਾਰ ਉਪ ਪ੍ਰਸ਼ਨਾਂ ਵਿਚ ਕਰ ਸਕਦਾ ਹੈ।

### ਪਾਠਕ੍ਰਮ

### ਯੂਨਿਟ-I

ਪੈਂਤੀ ਅੱਖਰੀ, ਅੱਖਰ ਕ੍ਰਮ, ਪੈਰ ਬਿੰਦੀ ਵਾਲੇ ਵਰਣ ਅਤੇ ਪੈਰ ਵਿਚ ਪੈਣ ਵਾਲੇ ਵਰਣ ਅਤੇ ਮਾਤ੍ਰਵਾਂ (ਮੁੱਢਲੀ ਜਾਣ ਪਛਾਣ) ਲਗਾਖ਼ਰ (ਬਿੰਦੀ, ਟਿੱਪੀ, ਅੱਧਕ) : ਪਛਾਣ ਅਤੇ ਵਰਤੋਂ ।

### ਯੂਨਿਟ-II

ਪੰਜਾਬੀ ਸ਼ਬਦ ਬਣਤਰ : ਮੁੱਢਲੀ ਜਾਣ ਪਛਾਣ (ਸਾਧਾਰਨ ਸ਼ਬਦ, ਸੰਯੁਕਤ ਸ਼ਬਦ, ਮਿਸ਼ਰਤ ਸ਼ਬਦ, ਮੂਲ ਸ਼ਬਦ, ਅਗੇਤਰ ਅਤੇ ਪਿਛੇਤਰ)

## ਯੂਨਿਟ-III

ਨਿੱਤ ਵਰਤੋਂ ਦੀ ਪੰਜਾਬੀ ਸ਼ਬਦਾਵਲੀ : ਬਾਜ਼ਾਰ, ਵਪਾਰ, ਰਿਸ਼ਤੇ ਨਾਤੇ, ਖੇਤੀ ਅਤੇ ਹੋਰ ਧੰਦਿਆਂ ਆਦਿ ਨਾਲ ਸੰਬੰਧਤ।

## ਯੂਨਿਟ-IV

ਹਫ਼ਤੇ ਦੇ ਸੱਤ ਦਿਨਾਂ ਦੇ ਨਾਂ, ਬਾਰ੍ਹਾਂ ਮਹੀਨਿਆਂ ਦੇ ਨਾਂ, ਰੁੱਤਾਂ ਦੇ ਨਾਂ, ਇਕ ਤੋਂ ਸੌ ਤਕ ਗਿਣਤੀ ਸ਼ਬਦਾਂ ਵਿਚ ।

# SESSION 2025-26

**MASTER OF SCIENCE (MATHEMATICS)(FYIP)/ MASTER OF SCIENCE (PHYSICS)(FYIP)/ / MASTER OF ARTS( ENGLISH) (FYIP)/ MASTER OF COMMERCE (FYIP) SEMESTER–II**

## BASIC PUNJABI

**In lieu of Punjabi(Compulsory)**

**COURSE CODE - FMAL/FPHL/FENL/-FCOL -2031**

**Course outcomes**

**CO1:** ਸ਼ਬਦ ਸ਼੍ਰੇਣੀਆਂ : ਪਛਾਣ ਅਤੇ ਵਰਤੋਂ (ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸਬੰਧਕ, ਯੋਜਕ ਅਤੇ ਵਿਸਮਿਕ) ਨੂੰ ਪੜ੍ਹਾਉਣ ਦਾ ਮਨੋਰਥ ਵਿਦਿਆਰਥੀਆਂ ਅੰਦਰ ਪੰਜਾਬੀ ਭਾਸ਼ਾ ਦੀ ਅਮੀਰੀ ਦਾ ਅਤੇ ਬਾਰੀਕੀਆਂ ਨੂੰ ਸਮਝਣ ਲਈ ਵੱਖਰੇ -ਵੱਖਰੇ ਸਿਧਾਂਤਾਂ ਦਾ ਵਿਕਾਸ ਕਰਨਾ ਹੈ।

**CO2:** ਵਿਦਿਆਰਥੀ ਪੰਜਾਬੀ ਵਾਕ ਬਣਤਰ (ਸਾਧਾਰਨ ਵਾਕ, ਸੰਯੁਕਤ ਵਾਕ, ਮਿਸ਼ਰਤ ਵਾਕ, ਬਿਆਨੀਆ ਵਾਕ, ਪ੍ਰਸ਼ਨ ਵਾਚਕ ਵਾਕ ਅਤੇ ਹੁਕਮੀ ਵਾਕ) ਦੀ ਪਰਿਭਾਸ਼ਾ ਅਤੇ ਇਸ ਦੀ ਬਣਤਰ ਤੋਂ ਜਾਣੂ ਹੋਣਗੇ ਅਤੇ ਉਨ੍ਹਾਂ ਦੀ ਭਾਸ਼ਾ ਤੇ ਪਕੜ ਮਜਬੂਤ ਹੋਵੇਗੀ।

**CO3:** ਪੈਰ੍ਹਾ ਰਚਨਾ ਅਤੇ ਸੰਖੇਪ ਰਚਨਾ ਦਾ ਮਨੋਰਥ ਵਿਦਿਆਰਥੀਆਂ ਦੀ ਬੁੱਧੀ ਨੂੰ ਤੀਖਣ ਕਰਦਿਆਂ ਉਨਾਂ ਦੀ ਲਿਖਣ ਪ੍ਰਤਿਭਾ ਨੂੰ ਉਜਾਗਰ ਕਰਨਾ ਹੈ।

**CO4:** ਘਰੇਲੂ ਅਤੇ ਦਫ਼ਤਰੀ ਚਿੱਠੀ ਪੱਤਰ ਲਿਖਣ ਦਾ ਮਨੋਰਥ ਵਿਦਿਆਰਥੀਆਂ ਨੂੰ ਇਸ ਕਲਾ ਵਿਚ ਨਿਪੁੰਨ ਕਰਨਾ ਹੈ । ਅਖਾਣ ਅਤੇ ਮੁਹਾਵਰੇ ਦੀ ਵਰਤੋਂ ਨਾਲ ਗੱਲਬਾਤ ਵਿਚ ਪਰਪੱਕਤਾ ਆਉਂਦੀ ਹੈ।ਇਹ ਵਿਦਿਆਰਥੀਆਂ ਦੀ ਗੱਲਬਾਤ ਵਿਚ ਨਿਖਾਰ ਲਿਆਉਣ ਦਾ ਕੰਮ ਕਰਨਗੇ।

# SESSION 2025-26

**MASTER OF SCIENCE (MATHEMATICS)(FYIP)/ MASTER OF SCIENCE (PHYSICS)(FYIP)/ / MASTER OF ARTS( ENGLISH) (FYIP)/ MASTER OF COMMERCE (FYIP) SEMESTER–II**

## BASIC PUNJABI

**In lieu of Punjabi(Compulsory)**

**COURSE CODE - FMAL/FPHL/FENL/-FCOL -2031**

ਸਮਾਂ: 3 ਘੰਟੇ | **Maximum Marks : 50**

**Theory : 35**

**CA : 15**

ਅੰਕ ਵੰਡ ਅਤੇ ਪਰੀਖਿਅਕ ਲਈ ਹਦਾਇਤਾਂ

1. ਪ੍ਰਸ਼ਨ ਪੱਤਰ ਦੇ ਚਾਰ (**A-D**) ਸੈਕਸ਼ਨ ਹੋਣਗੇ।ਸੈਕਸ਼ਨ **A-D** ਤੱਕ ਦੇ ਪ੍ਰਸ਼ਨ ਕ੍ਰਮਵਾਰ ਯੂਨਿਟ **I-IV** ਵਿਚੋਂ ਪੁੱਛੇ ਜਾਣਗੇ। ਹਰ ਯੂਨਿਟ ਵਿਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ।
2. ਵਿਦਿਆਰਥੀ ਨੇ ਕੁੱਲ ਪੰਜ ਪ੍ਰਸ਼ਨ ਕਰਨੇ ਹਨ। ਹਰ ਸੈਕਸ਼ਨ ਵਿਚੋਂ ਇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿਚੋਂ ਕੀਤਾ ਜਾ ਸਕਦਾ ਹੈ।
3. ਹਰੇਕ ਪ੍ਰਸ਼ਨ ਦੇ 7 ਅੰਕ ਹਨ।
4. ਪੇਪਰ ਸੈੱਟ ਕਰਨ ਵਾਲਾ ਜੇਕਰ ਚਾਹੇ ਤਾਂ ਪ੍ਰਸ਼ਨਾਂ ਦੀ ਵੰਡ ਅੱਗੋਂ ਵੱਧ ਤੋਂ ਵੱਧ ਚਾਰ ਉਪ ਪ੍ਰਸ਼ਨਾਂ ਵਿਚ ਕਰ ਸਕਦਾ ਹੈ।

ਪਾਠਕ੍ਰਮ

**ਯੂਨਿਟ-I**

ਸ਼ਬਦ ਸ਼੍ਰੇਣੀਆਂ : ਪਛਾਣ ਅਤੇ ਵਰਤੋਂ (ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸਬੰਧਕ,

ਯੋਜਕ ਅਤੇ ਵਿਸਮਿਕ)

**ਯੂਨਿਟ-II**

ਪੰਜਾਬੀ ਵਾਕ ਬਣਤਰ : ਮੁੱਢਲੀ ਜਾਣ ਪਛਾਣ

(ੳ) ਸਾਧਾਰਨ ਵਾਕ, ਸੰਯੁਕਤ ਵਾਕ ਅਤੇ ਮਿਸ਼ਰਤ ਵਾਕ (ਪਛਾਣ ਅਤੇ ਵਰਤੋਂ)

(ਅ) ਬਿਆਨੀਆ ਵਾਕ, ਪ੍ਰਸ਼ਨ ਵਾਚਕ ਵਾਕ ਅਤੇ ਹੁਕਮੀ ਵਾਕ (ਪਛਾਣ ਅਤੇ ਵਰਤੋਂ)

## ਯੂਨਿਟ-III

ਪੈਰ੍ਹਾ ਰਚਨਾ

ਸੰਖੇਪ ਰਚਨਾ

## ਯੂਨਿਟ-IV

ਚਿੱਠੀ ਪੱਤਰ (ਘਰੇਲੂ ਅਤੇ ਦਫ਼ਤਰੀ)

ਅਖਾਣ ਅਤੇ ਮੁਹਾਵਰੇ (ਲਿਸਟ ਨਾਲ ਨੱਥੀ ਹੈ)

# ਅਖਾਣ

ਉਠੇ ਤਾ ਉੱਠ ਨਹੀਂ ਰੇਤੇ ਦੀ ਮੁੱਠ ,ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ ,ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ ,ਉੱਚੀ ਦੁਕਾਨ ਫਿੱਕਾ ਪਕਵਾਨ ,ਉਲਟੀ ਵਾੜ ਖੇਤ ਨੂੰ ਖਾਏ ,ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ , ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ ਤੇ ਮੁਹਰਾਂ, ਅੱਗੇ ਸੱਪ ਪਿੱਛੇ ਸ਼ੀਂਹ, ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ, ਆਪੇ ਫਾਥੜੀਏ ਤੈਨੂੰ ਕੌਣ ਛੁਡਾਏ, ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ, ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ,ਅੱਖੀਂ ਵੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ ,ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ ,ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜਿਉਣ ,ਆਪ ਕੁਚੱਜੀ ਵਿਹੜੇ ਨੂੰ ਦੋਸ਼ ,ਅੰਨ੍ਹਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ ,ਅਕਲ ਵੱਡੀ ਕੇ ਮੱਝ ,ਅੰਨ੍ਹਿਆਂ ਵਿੱਚ ਕਾਣਾ ਰਾਜਾ ,ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ,ਇਕ ਅਨਾਰ ਸੌ ਬਿਮਾਰ ,ਇਕ ਹੱਥ ਨਾਲ ਤਾੜੀ ਨਹੀਂ ਵੱਜਦੀ ,ਇੱਕ ਚੁੱਪ ਸੌ ਸੁੱਖ ਝੱਟ ਮੰਗਣੀ ਪੱਟ ਵਿਆਹ ,ਸਹਿਜ ਪੱਕੇ ਸੋ ਮੀਠਾ ਹੋਵੇ ,ਦਾਲ ਵਿੱਚ ਕਾਲਾ ਹੋਣਾ , ਸੰਗ ਤਾਰੇ ਕੁਸੰਗ ਡੋਬ, ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈਂ ,ਸਵੈ ਭਰੋਸਾ ਵੱਡਾ ਤੋਸਾ,ਸੌ ਦਿਨ ਚੋਰ ਦੇ ਇਕ ਦਿਨ ਸਾਧ ਦਾ ,ਸੱਪ ਦਾ ਬੱਚਾ ਸਪੋਲੀਆ ,ਸੱਪ ਮਰ ਜਾਵੇ ਲਾਠੀ ਵੀ ਨਾ ਟੁੱਟੇ ,ਸਾਈਆਂ ਕਿਤੇ ਵਧਾਈਆਂ ਕਿਤੇ ,ਹੰਕਾਰਿਆ ਸੋ ਮਾਰਿਆ , ਹੱਥ ਨੂੰ ਹੱਥ ਧੋਂਦਾ ਹੈ, ਹਾਥੀ ਲੰਘ ਗਿਆ ਪੂਛ ਰਹਿ ਗਈ, ਕੋਹ ਨਾ ਚੱਲੀ ਬਾਬਾ ਤਿਹਾਈ,ਕੁੱਛੜ ਕੁੜੀ ਸ਼ਹਿਰ ਢੰਡੋਰਾ ,ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ ,ਕਰੇ ਕੋਈ ਭਰੇ ਕੋਈ , ਖਿੱਦੋ ਫ਼ਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ, ਖ਼ਵਾਜੇ ਦਾ ਗਵਾਹ ਡੱਡੂ ,ਖੇਤੀ ਖਸਮਾਂ ਸੇਤੀ , ਖਰਬੂਜ਼ੇ ਨੂੰ ਦੇਖ ਕੇ ਖਰਬੂਜ਼ਾ ਰੰਗ ਬਦਲਦਾ ਹੈ,ਖੂਹ ਪੁੱਟਦੇ ਨੂੰ ਖਾਤਾ ਤਿਆਰ , ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ,ਘਰ ਦਾ ਭੇਤੀ ਲੰਕਾ ਢਾਹੇ ,ਘਰ ਦੀ ਕੁੱਕੜੀ ਦਾਲ ਬਰਾਬਰ ,ਚਿੰਤਾ ਚਿਖਾ ਬਰਾਬਰ , ਛੱਜ ਤਾਂ ਬੋਲੇ ਛਾਣਨੀ ਵੀ ਬੋਲੇ,ਛੋਟੀ ਮੂੰਹ ਵੱਡੀ ਗੱਲ , ਜੋ ਰਾਤੀਂ ਜਾਗਣ ਕਾਲੀਆਂ ਸੋ ਹੀ ਖਾਣ ਸੁਖਾਲੀਆਂ ,ਜਾਂਦੇ ਚੋਰ ਦੀ ਲੰਗੋਟੀ ਹੀ ਸਹੀ ,ਜਿਸ ਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ ,ਜਿਹੜੇ ਗੱਜਦੇ ਨੇ ਉਹ ਵਰ੍ਹਦੇ ਨਹੀਂ , ਝੱਟ ਮੰਗਣੀ ਪੱਟ ਵਿਆਹ , ਨਵਾਂ ਨੌ ਦਿਨ ਪੁਰਾਣਾ ਸੌ ਦਿਨ, ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ,

ਵਿੱਦਿਆ ਵਿਚਾਰੀ ਤਾਂ ਪਰਉੱਪਕਾਰੀ, ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ, ਇਕ ਦਰ ਬੰਦ ਸੌ ਦਰ ਖੁੱਲ੍ਹਾ, ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ,**ਰੱਸੀ ਸੜ ਗਈ ਵੱਟ ਨ੍ਹੀਂ ਗਿਆ**

## ਮੁਹਾਵਰੇ

**ਉਸਤਾਦੀ ਕਰਨੀ, ਉਂਗਲ ਕਰਨੀ, ਉੱਲੂ ਬਣਾਉਣਾ ,ਉੱਚਾ ਸਾਹ ਨਾ ਕੱਢਣਾ, ਉੱਡਦੇ ਫਿਰਨਾ ,ਉੱਘ ਸੁੱਘ ਮਿਲਣੀ,ਅੱਖਾਂ ਵਿਚ ਰੜਕਣਾ ,** ਉਂਗਲਾਂ ਤੇ ਨਚਾਉਣਾ, ਉਧੜ-ਧੁੰਮੀ ਮਚਾਉਣਾ, ਊਠ ਦੇ ਮੂੰਹ ਵਿੱਚ ਜ਼ੀਰਾ ਦੇਣਾ, **ਅੱਗ ਲਾਉਣਾ ,ਆਵਾ ਊਤ ਜਾਣਾ ,ਅਸਮਾਨ ਨੂੰ ਟਾਕੀਆਂ ਲਾਉਣਾ, ਅੱਖਾਂ ਵਿੱਚ ਲਾਲੀ ਉਤਰਨੀ ,ਅਕਲ ਤੇ ਪਰਦਾ ਪੈਣਾ**, ਅੱਖਾਂ ਅੱਗੇ ਖੋਪੇ ਚਾੜ ਦੇਣੇ, ਅੱਖਾਂ ਉੱਤੇ ਬਿਠਾਉਣਾ, ਅੱਲੇ ਫੱਟਾਂ ਤੇ ਲੂਣ ਛਿੜਕਣਾ, ਆਪਣੇ ਅੱਗੇ ਕੰਡੇ ਬੀਜਣਾ, ਆਪਣੇ ਤਰਕਸ਼ ਵਿੱਚ ਤੀਰ ਹੋਣਾ, ਸਿਰ ਚੜ੍ਹਨਾ, **ਈਨ ਮੰਨਣੀ, ਈਦ ਦਾ ਚੰਨ ਹੋਣਾ, ਇੱਟ ਨਾਲ ਇੱਟ ਖੜਕਾਉਣਾ,ਸਿਰ ਫਿਰਨਾ, ਸਿਰ ਤੇ ਚੜ੍ਹਨਾ ,ਸਬਰ ਦਾ ਘੁੱਟ ਭਰਨਾ, ਸਿਰ ਪੈਰ ਨਾ ਹੋਣਾ**, ਸਿਰ ਖੁਰਕਣ ਦੀ ਵੇਹਲ ਨਾ ਹੋਣਾ, ਸੱਠੀ ਦੇ ਚੌਲ ਖੁਆਣੇ, **ਹੱਥ ਧੋ ਕੇ ਪਿੱਛੇ ਪੈਣਾ, ਹੱਥੀਂ ਛਾਂਵਾਂ ਕਰਨੀਆਂ, ਹੱਡ ਭੰਨਣੇ, ਹੱਥ ਤੰਗ ਹੋਣਾ ,ਹੱਥ ਮਲਣਾ,ਹੱਥ ਪੈਰ ਮਾਰਨਾ**, ਹੱਥ ਉੱਤੇ ਹੱਥ ਧਰ ਕੇ ਬੈਠਣਾ, ਹੱਥ ਵਟਾਉਣਾ, ਹਵਾ ਦੇ ਘੋੜੇ ਸਵਾਰ ਹੋਣਾ, **ਕੰਨੀਂ ਕਤਰਾਉਣਾ, ਕੰਨ ਤੇ ਜੂੰ ਨਾ ਸਰਕਣਾ, ਕੰਨ ਘੇਸਲ ਮਾਰਨੀ**, ਕਣਕ ਨਾਲ ਘੁਣ ਵੀ ਪਿਸਣਾ, ਕੱਖ ਭੰਨ ਕੇ ਦੂਹਰਾਂ ਨਾ ਕਰਨਾ, ਕਲਮ ਦੇ ਧਨੀ ਹੋਣਾ, ਕਿਤਾਬੀ ਕੀੜਾ ਹੋਣਾ, **ਖ਼ਾਨਾ ਖ਼ਰਾਬ ਹੋਣਾ, ਖਾਨਿਓ ਜਾਣਾ**, ਖੂਹ ਨਿਖੁੱਟ ਜਾਣਾ, **ਗੁੱਡੀ ਚੜ੍ਹਨੀ, ਗਲ ਪੈਣਾ ,ਗੰਗਾ ਨਹਾਉਣਾ ,ਚੜ੍ਹ ਮੱਚਣੀ, ਚੰਦ ਚਾੜ੍ਹਨਾ, ਚਾਦਰ ਵੇਖ ਕੇ ਪੈਰ ਪਸਾਰਨਾ ,ਚਕਮਾ ਦੇਣਾ ,ਛੱਕੇ ਛੜਾਉਣਾ ,ਛਾਪਾ ਮਾਰਨਾ, ਛਿੱਲ ਲਾਉਣੀ ,ਛਿੱਕੇ ਟੰਗਣਾ**